# Meeting of Prime Minister with President of European Commission on the sidelines of G-7 Summit

June 28, 2022

## ਜੀ- 7 ਸਿਖਰ ਸੰਮੇਲਨ ਦੇ ਦੌਰਾਨ ਪ੍ਰਧਾਨ ਮੰਤਰੀ ਨੇ ਯੂਰੋਪੀਅਨ ਕਮਿਸ਼ਨ ਦੇ ਪ੍ਰਧਾਨ ਨਾਲ ਮੁਲਾਕਾਤ ਕੀਤੀ

**ਜੂਨ 27, 2022**

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਜੀ-7 ਸਿਖਰ ਸੰਮੇਲਨ ਦੇ ਦੌਰਾਨ ਯੂਰੋਪੀਅਨ ਕਮਿਸ਼ਨ ਦੇ ਪ੍ਰਧਾਨ ਸੁਸ਼੍ਰੀ ਉਰਸੁਲਾ ਵੌਨ ਡੇਰ ਲੇਯੇਨ ਦੇ ਨਾਲ 27 ਜੂਨ 2022 ਨੂੰ ਜਰਮਨੀ ਦੇ ਸ਼ਲੌਸ ਐਲਮੌ ਵਿੱਚ ਮੁਲਾਕਾਤ ਕੀਤੀ

2.ਬੈਠਕ ਦੇ ਦੌਰਾਨ, ਪ੍ਰਧਾਨ ਮੰਤਰੀ ਨੇ ਰਾਏਸੀਨਾ ਵਾਰਤਾ ਦੇ ਦੌਰਾਨ ਅਪ੍ਰੈਲ 2022 ਵਿੱਚ ਪ੍ਰਧਾਨ ਵੌਨ ਡੇਰ ਲੇਯੇਨ ਦੀ ਸਿਰਜਨਾਤਮਕ ਦਿੱਲੀ ਯਾਤਰਾ ਨੂੰ ਯਾਦ ਕੀਤਾ। ਦੋਹਾਂ ਨੇਤਾਵਾਂ ਨੇ ਭਾਰਤ ਅਤੇ ਯੂਰਪੀ ਸੰਘ ਦੇ ਦਰਮਿਆਨ ਵਪਾਰ, ਨਿਵੇਸ਼ ਅਤੇ ਜੀਆਈ ਸਮਝੌਤਿਆਂ ’ਤੇ ਵਾਰਤਾਲਾਪ ਫਿਰ ਤੋਂ ਸ਼ੁਰੂ ਹੋਣ ’ਤੇ ਪ੍ਰਸੰਨਤਾ ਵਿਅਕਤ ਕੀਤਾ। ਉਨ੍ਹਾਂ ਨੇ ਡਿਜੀਟਲ ਸਹਿਯੋਗ, ਜਲਵਾਯੂ ਕਾਰਵਾਈ ਅਤੇ ਟੈਕਨੋਲੋਜੀ ਅਤੇ ਇਨੋਵੇਸ਼ਨ ਸਮੇਤ ਕਈ ਖੇਤਰਾਂ ਵਿੱਚ ਭਾਰਤ-ਯੂਰਪੀ ਸੰਘ ਦੀਆਂ ਗਤੀਵਿਧੀਆਂ ਦੀ ਸਮੀਖਿਆ ਵੀ ਕੀਤੀ।

3.ਦੋਹਾਂ ਨੇਤਾਵਾਂ ਨੇ ਸਮਕਾਲੀ ਆਲਮੀ ਅਤੇ ਖੇਤਰੀ ਘਟਨਾਕ੍ਰਮ ’ਤੇ ਵੀ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ ਹੈ।

**ਸਕਲੋਸ ਏਲਮਾਉ**
**ਜੂਨ 27, 2022**

DISCLAIMER: This is an approximate translation. The original is available in English on MEA’s website and may be referred to as the official press release.